ਹਰ ਹਫਤੇ ਪੂਰੇ ਅਮਰੀਕਾ ਅਤੇ ਚੰਡੀਗੜ੍ਹ ਤੋਂ ਛਪਣ ਵਾਲਾ ਨਿਵੇਕਲਾ ਅਖ਼ਬਾਰ

# ਪਰਦੇਸ ਨਿਊਜ਼

ਮਾਂ ਬੋਲੀ ਅਤੇ ਪੰਜਾਬੀਅਤ ਨੂੰ ਸਮਰਪਿਤ

Managing Director/Publisher
Jeet Singh Sohi/Makhan Singh Sandhu

Editor-in-Chief
Maninder Singh

Vol 5 No 19 March 3, 2010 Phone 917-500-9893, 917-603-6667, 917-324-6008, 917 418 0234 Fax 1-866-268-6153, E-mail:info@pardesnews.com www.pardesnews.com

## ਏਸ਼ੀਅਨ ਅਮਰੀਕਨ ਕੌਂਸਲ ਵਲੋਂ ਨਵੇਂ ਨਿਯੁਕਤ ਕੀਤੇ ਜੱਜਾਂ ਦਾ ਸਨਮਾਨ ਸਮਾਰੋਹ ਪਾਰਟੀ



ਏਸ਼ੀਅਨ ਅਮਰੀਕਨ ਕੌਂਸਲ ਜਿਹੜੀ ਕਿ ਪੂਰੇ ਏਸ਼ੀਆਂ ਦੇ ਦੇਸ਼ਾਂ ਦੀ ਸਰਬ ਸਾਂਝੀ ਕੌਂਸਲ ਹੈ। ਅਮਰੀਕਾ ਦੇ ਲਾਅ ਐਂਨਫੋਰਸਮੈਂਟ ਨਾਲ 1984 ਤੋਂ ਜੁੜੀ ਹੋਈ ਹੈ। ਜਿਸ ਕੌਂਸਲ ਦਾ ਅਮਰੀਕਾ ਵਿਚ ਵਿਸ਼ੇਸ਼ ਸਥਾਨ ਹੈ। ਜੋ ਕਿ ਹਰ ਸਾਲ ਚੰਗ੍ਹੀ ਕਾਰਗੁਜ਼ਾਰੀ ਵਾਲੇ ਅਫ਼ਸਰਾਂ ਨੂੰ ਸਨਮਾਨਿਤ ਕਰਦੀ ਆ ਰਹੀ ਹੈ। ਜਿਸ ਦੇ ਇੰਡੀਆ ਦੇ ਚੇਅਰਮੈਨ ਸ. ਮਨਿੰਦਰ ਸਿੰਘ ਜੀ ਹਨ।

ਬਾਕੀ ਸਫਾ 17 'ਤੇ

## ਜਗਦੀਸ਼ ਟਾਈਟਲਰ ਕੇਸ-ਅਦਾਲਤ ਵਲੋਂ ਗਵਾਹਾਂ ਦੇ ਬਿਆਨ ਪੀੜਤਾਂ ਦੇ ਵਕੀਲਾਂ ਨੂੰ ਦੇਣ ਦੀ ਸੀ. ਬੀ. ਆਈ. ਨੂੰ ਹਦਾਇਤ

ਦਿੱਲੀ ਦੀ ਅਦਾਲਤ ਨੇ ਸੀ . ਬੀ. ਆਈ ਨੂੰ ਹਦਾਇਤ ਕੀਤੀ ਹੈ ਕਿ ਚਸ਼ਮਦੀਦ ਗਵਾਹ ਗਿਆਨੀ ਸੁਰਿੰਦਰ ਸਿੰਘ ਤੇ ਜਸਬੀਰ ਸਿੰਘ ਦੇ ਚਾਰ ਬਿਆਨਾਂ ਤੇ ਹਲਫੀਆ ਬਿਆਨਾਂ ਦੀਆਂ ਕਾਪੀਆਂ ਸਿਖਸ ਫਾਰ ਜਸਟਿਸ ਦੇ ਵਕੀਲਾਂ ਨੂੰ ਮੁਹੱਈਆ ਕਰਵਾਈਆਂ ਜਾਣ। ਅਦਲਾਤ ਨੇ ਸੀ. ਬੀ. ਆਈ. ਨੂੰ ਇਹ ਵੀ ਹਦਾਇਤ ਕੀਤੀ ਹੈ ਕਿ ਕਲੋਜ਼ਰ ਰਿਪੋਰਟ ਦੀ ਕਾਪੀ ਵੀ ਸਿਖਸ ਫਾਰ ਜਸਟਿਸ ਦੇ ਵਕੀਲ ਵਰਿੰਦਾ ਗ੍ਰੋਵਰ ਤੇ ਰਿਬੈਕਾ ਐਮ ਜੌਨ ਨੂੰ ਮੁਹੱਈਆ ਕਰਵਾਈ ਜਾਵੇ। ਉਕਤ ਵਕੀਲ ਨਵੰਬਰ ੮੪ ਦੇ ਸਿਖ ਕਤਲੇਆਮ ਵਿਚ ਮਾਰੇ ਗਏ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਦਾ ਕੇਸ ਲੜ ਰਹੇ ਹਨ। ਇੱਥੇ ਦਸਣਯੋਗ ਹੈ ਕਿ ਸਿਖਸ ਫਾਰ ਜਸਟਿਸ ਦੇ ਯਤਨਾਂ ਸਦਕਾ ਹੀ ਦਸੰਬਰ 2008 ਵਿਚ ਸੀ. ਬੀ. ਆਈ. ਅਮਰੀਕਾ ਆਈ ਸੀ ਤੇ ਚਸ਼ਮਦੀਦ ਗਵਾਹਾਂ ਜਸਬੀਰ ਸਿੰਘ ਤੇ ਗਿਆਨੀ ਸੁਰਿੰਦਰ ਸਿੰਘ ਬਿਆਨ ਦਰਜ ਕੀਤੇ ਗਏ ਸੀ। ਬਾਕੀ ਸਫਾ 17 'ਤੇ

## ਪੰਜਾਬ ਸਰਕਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚੱਨਵਧ

ਲੁਧਿਆਣਾ-ਪੰਜਾਬ ਸਰਕਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚੱਨਵਧ ਹੈ, ਕਿਉਂਕਿ ਸ਼ਹੀਦਾਂ ਦੀ ਸ਼ਹਾਦਤ ਦਾ ਕੋਈ ਮੁੱਲ ਨਹੀ ਪਾਇਆ ਜਾ ਸਕਦਾ ਪ੍ਰਤੂੰ ਉਹਨਾਂ ਦੇ ਪਰਿਵਾਰਾਂ ਦੀ ਮਦੱਦ ਕਰਕੇ ਸਨਮਾਨ ਦਿੱਤਾ ਜਾ ਸਕਦਾ ਹੈ। ਇਹ ਪ੍ਰਗਟਾਵਾ ਸ: ਸੇਵਾ ਸੇਖਵਾਂ ਰੱਖਿਆ ਸੇਵਾਵਾਂ ਭਲਾਈ, ਸੂਚਨਾ ਤੇ ਲੋਕ ਸੰਪਰਕ ਅਤੇ ਪ੍ਰਵਾਸੀ ਮਾਮਲੇ ਮੰਤਰੀ ਪੰਜਾਬ ਨੇ ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬ ਘਰ ਵਿਖੇ ਵੱਖ ਵੱਖ ਲੜਾਈਆਂ ਦੌਰਾਨ ਸ਼ਹੀਦ ਹੋਏ ਸੈਨਿਕਾਂ ਦੇ 23 ਪਰਿਵਾਰਾਂ ਬਾਕੀ ਸਫਾ 17 'ਤੇ

## ਸ. ਮੋਹਣ ਸਿੰਘ ਜੀ ਖਟੜਾ ਵਲੋਂ ਕਾਲੀ ਸੂਚੀ ਬਾਰੇ ਵਿਚਾਰ ਕਰਨ ਤੇ ਸਰਕਾਰ ਦਾ ਧੰਨਵਾਦ



ਸ. ਮੋਹਣ ਸਿੰਘ ਜੀ ਖਟੜਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਯੂ ਐਸ ਏ ਜੋ ਪਿਛਲੇ ਸਮੇਂ ਵਿਚ ਯੂ ਐਸ ਏ ਅਕਾਲੀ ਦਲ ਦਾ ਇਕ ਵਫ਼ਦ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਕੁਝ ਮੰਗਾਂ ਬਾਰੇ ਵਿਸ਼ੇਸ਼ ਤੌਰ 'ਤੇ ਬਾਕੀ ਸਫਾ 17 'ਤੇ

## ਅਮਰੀਕਾ ਦੇ ਪ੍ਰਸਿਧ ਵਕੀਲ ਜਸਪ੍ਰੀਤ ਸਿੰਘ ਅਟਰਨੀ ਐਟ ਲਾਅ ਦੁਆਰਾ ਬਣਾਈ ਜਾ ਰਹੀ ਫਿਲਮ 'ਗੁਰੂ ਮਾਨਿਓ ਗ੍ਰੰਥ' ਦੀ ਸ਼ੂਟਿੰਗ ਪਾਈਨੀਅਰ ਭੰਗੜਾ ਮੁਕਾਬਲੇ ਦੌਰਾਨ ਹੇਅਵਰਡ ਵਿਖੇ ਸਫਲਤਾ ਨਾਲ ਹੋਈ

### ਜਸਪ੍ਰੀਤ ਸਿੰਘ ਨੇ ਜੇਤੂਆਂ ਨੂੰ ਇਨਾਮ ਵੰਡੇ



ਅਮਰੀਕਾ ਦੇ ਪ੍ਰਸਿੱਧ ਵਕੀਲ ਸ. ਜਸਪ੍ਰੀਤ ਸਿੰਘ ਐਟਰਨੀ ਐਟ ਲਾਅ ਵਲੋਂ ਬਣਾਈ ਜਾ ਰਹੀ ਫਿਲਮ 'ਗੁਰੂ ਮਾਨਿਓ ਗ੍ਰੰਥ' ਦੀ ਸ਼ੂਟਿੰਗ ਪਿਛਲੇ ਦਿਨੀਂ ਕੈਲੀਫੋਰਨੀਆ ਸ਼ਬੋਆ ਕਾਲਜ ਹੇਅਵਰਡ ਵਿਖੇ ਹੋਈ। ਪਾਈਨੀਅਰ ਭੰਗੜਾ ਮੁਕਾਬਲੇ ਦੌਰਾਨ ਬੜੀ ਹੀ ਸਫ਼ਲਤਾ ਨਾਲ ਹੋਈ। ਇਸ ਭੰਗੜਾ ਮੁਕਾਬਲੇ ਵਿਚ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀਆਂ ਦੀਆਂ 15 ਤੋਂ ਵੱਧ ਟੀਮਾਂ ਨੇ ਭਾਗ ਲਿਆ। ਬਾਅਦ ਵਿਚ ਜਸਪ੍ਰੀਤ ਸਿੰਘ ਨੇ ਜੇਤੂ ਟੀਮ ਨੂੰ ਇਨਾਮ ਵੀ ਵੰਡੇ। "ਗੁਰੂ ਬਾਕੀ ਸਫਾ 3 'ਤੇ

## ਨਵੰਬਰ 1984 ਸਿੱਖ ਕਤਲੇਆਮ ਦਾ ਅਖੀਂ ਵੇਖਿਆ ਹੌਲਨਾਕ ਦ੍ਰਿਸ਼ ਕਾਂਗਰਸ ਦੇ ਸਥਾਨਕ ਆਗੂਆਂ ਦੀ ਅਗਵਾਈ ਵਿਚ ਭੂਤਰੀ ਭੀੜ ਨੇ ਮੇਰੇ ਪਿਤਾ ਨੂੰ ਕੱਟ ਵੱਢ ਕੇ ਤੇਲ ਪਾ ਕੇ ਸਾੜਿਆ- ਮਹਿੰਦਰ ਸਿੰਘ

### ਮੌਤ ਦੀ ਸਜ਼ਾ ਪ੍ਰਾਪਤ ਦੋਸ਼ੀ ਅਜੇ ਵੀ ਸ਼ਰੇਆਮ ਘੁੰਮ ਰਹੇ ਨ, ਦਾਦਾ ਜੀ ਨੂੰ ਅਜੇ ਵੀ ਮਿਲ ਰਹੀਆਂ ਹਨ ਧਮਕੀਆਂ



ਨਵੰਬਰ 1984 ਸਿੱਖ ਕਤਲੇਆਮ ਦੇ ਚਸ਼ਮਦੀਦ ਗਵਾਹ ਮਹਿੰਦਰ ਸਿੰਘ ਸਪੁੱਤਰ ਸਵ. ਸ. ਦਰਸ਼ਨ ਸਿੰਘ ਸਪੁੱਤਰ ਸ. ਮਨਸਾ ਸਿੰਘ ਬਲਾਕ ਸੀ-75ਸੀ, ਤਿਲਕ ਵਿਹਾਰ, ਦਿੱਲੀ ਦਾ ਰਹਿਣ ਵਾਲਾ ਹੈ, ਨੇ ਹੌਲਨਾਕ ਅਤੇ ਦਰਦਨਾਕ ਘਟਨਾ ਬਾਰੇ ਦੱਸਦਿਆਂ ਕਿਹਾ ਹੈ ਕਿ ਨਵੰਬਰ 1984 ਵਿਚ ਮੇਰੇ ਪਿਤਾ ਦਰਸ਼ਨ ਸਿੰਘ, ਮੇਰੇ ਦਾਦਾ ਮਨਸਾ ਸਿੰਘ ਸਾਰੇ ਪਰਿਵਾਰ ਨਾਲ ਮਕਾਨ ਨੰ. 32/7 ਤ੍ਰਿਲੋਕਪੁਰੀ ਵਿਚ ਰਹਿੰਦੇ ਸਨ। 1 ਨਵੰਬਰ 1984 ਨੂੰ ਸਵੇਰੇ 10 ਵਜੇ ਕਤਲੋਗਾਰਤ ਕਰਨ ਵਾਲਿਆਂ ਦੀ ਭੀੜ ਨੇ ਸਾਡੀ ਕਲੋਨੀ ਤ੍ਰਿਲੋਕਪੁਰੀ ਨੂੰ ਘੇਰਾ ਪਾ ਲਿਆ, ਜਿੰਨ੍ਹਾਂ ਵਿਚ ਲੋਕਾਂ ਨੇ ਲੋਹੇ ਦੀਆਂ ਰਾਡਾਂ, ਤਲਵਾਰਾਂ, ਵੱਡੇ ਵੱਡੇ ਛੁਰੇ, ਲਾਠੀਆਂ ਚੁੱਕੀਆਂ ਹੋਈਆਂ ਸਨ। ਉਨ੍ਹਾਂ ਵਿਚੋਂ ਹਜੂਮ ਨੇ ਸਾਡੇ ਘਰ ਨੂੰ ਘੇਰ ਲਿਆ, ਜਿੰਨ੍ਹਾਂ ਦੀ ਅਗਵਾਈ ਐਚ.ਕੇ.ਐਲ. ਭਗਤ, ਸ਼ੀਲਾ ਭਗਤ, ਦੀਪਕ ਭਗਤ, ਡਾ. ਅਸ਼ੋਕ ਕਰ ਰਹੇ ਸਨ। ਕੁਝ ਕਾਤਲਾਂ ਨੇ ਜਿਨ੍ਹਾਂ ਵਿਚ ਕਿਸ਼ੋਰੀ ਨਾਂ ਦਾ ਵਿਅਕਤੀ ਸੀ, ਜੋ ਕਸਾਈਪੁਣੇ ਦਾ ਕੰਮ ਕਰਦਾ ਬਾਕੀ ਸਫਾ 3 'ਤੇ

## ਮੁੱਖ ਮੰਤਰੀ ਨੇ ਰਖਿਆ 1320 ਮੈਗਾਵਾਟ ਵਾਲੇ ਥਰਮਲ ਪਲਾਂਟ ਦਾ ਨੀਂਹ ਪੱਥਰ



ਰਾਜਪੁਰਾ-ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਆਉਂਦੇ ਦੋ ਸਾਲਾਂ ਵਿਚ ਬਿਜਲੀ ਉਤਪਾਦਨ ਦੇ ਖੇਤਰ ਵਿਚ ਆਤਮ ਨਿਰਭਰ ਹੀ ਨਹੀਂ ਸਗੋਂ ਦੇਸ਼ ਦਾ ਵਾਧੂ ਬਿਜਲੀ ਪੈਦਾ ਕਰਨ ਵਾਲਾ ਮੋਹਰੀ ਸੂਬਾ ਬਣ ਜਾਵੇਗਾ। ਉਨ੍ਹਾਂ ਇਹ ਵੀ ਆਖਿਆ ਹੈ ਕਿ ਪੰਜਾਬ ਵਾਸੀਆਂ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਤਾਂ ਦਿਤੀ ਹੀ ਜਾਵੇਗੀ ਸਗੋਂ ਵਾਧੂ ਬਿਜਲੀ ਦੂਜੇ ਸੂਬਿਆਂ ਨੂੰ ਵੀ ਵੇਚੀ ਜਾਵੇਗੀ। ਮੁੱਖ ਮੰਤਰੀ ਰਾਜਪੁਰਾ ਦੇ ਪਿੰਡ ਨਲਾਸ ਵਿਖੇ ਕਰੀਬ 9 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ 1078.16 ਏਕੜ ਰਕਬੇ ਵਿਚ ਸਥਾਪਤ ਕੀਤੇ ਜਾਣ ਵਾਲੇ 1320 ਮੈਗਾਵਾਟ ਦੀ ਸਮਰੱਥਾ ਵਾਲੇ ਸੁਪਰ ਤਾਪ ਬਿਜਲੀ ਘਰ ਜਿਸ ਵਿਚ 'ਸੁਪਰ ਕ੍ਰਿਟਿਕਲ ਤਕਨਾਲੋਜੀ' ਦੀ ਵਰਤੋਂ ਹੋਵੇਗੀ, ਦਾ ਨੀਂਹ ਪੱਥਰ ਰਖਣ ਉਪਰੰਤ ਅਨਾਜ ਮੰਡੀ ਵਿਖੇ ਅਕਾਲੀ ਬਾਕੀ ਸਫਾ 17 'ਤੇ

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਇੰਮੀਗ੍ਰੇਸ਼ਨ ਲਾਅ
ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
ਸਰਕਿਟ ਕੋਰਟ ਅਪੀਲਜ਼
ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਡੀਪੋਰਟੇਸ਼ਨ ਕੇਸਿਜ਼
NEW YORK T 718.672.8000 JACKSON HEIGHTS, NY 11370
CALIFORNIA T 510.796.9000 FREMONT, CA 94538
ADMITTED IN THE STATE OF NEW YORK ONLY

APNACOM
CONNECT GLOBALLY
(A joint venture with Apna Punjab)
CALL INDIA
100USD ਡਾਲਰ 'ਚ 111 ਘੰਟੇ
(6660 ਮਿੰਟ) (LANDLINE & CELL)
ਅਮਰੀਕਾ/ਕੈਨੇਡਾ 1/2 ਸੈਂਟ ਪਰ ਮਿਨਟ
No Expiration! No Hidden Charges !
No Connection Fees! No Monthly fee!
(DEALERS WANTED)
Call:718 926 6177, 646 443 7979
Email: apnacomdial@gmail.com
112-22 Suite # 3rd Floor, 101 Ave. S.Richmond Hill, NewYork-11419

ਜਸਪ੍ਰੀਤ ਸਿਘ
ਅਟਾਰਨੀ ਐਟ ਲਾਅ,
ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ ਲੇਬਰ
ਲੇਬਰ ਸਰਟੀਫਿਕੇਟ ਤੇ ਹਰ ਤਰ੍ਹਾਂ ਦੀ ਮੁਫ਼ਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫ਼ਤਰ 39172-B State Street Fremont CA 94538 510-790-6444
ਨਿਊਯਾਰਕ ਦਫ਼ਤਰ 37-18- 73rd ST. Ste 401 Jackson Height NY 11372 718-533-8444
ਸੈਕਰਾਮੈਂਟ ਦਫ਼ਤਰ 65 Quinta Count Ct, steE Secramento CA 95823 916-681-1188